PUNJABI

# Equality Scotland - Housing for Older People

# (ਇਕੁਐਲਿਟੀ ਸਕਾਟਲੈਂਡ - ਬਜ਼ੁਰਗ ਲੋਕਾਂ ਲਈ ਹਾਊਸਿੰਗ)

NEWSLETTER (ਸੂਚਨਾ ਪੱਤਰ)

ਇਹ ਸੂਚਨਾ ਪੱਤਰ ਅਰਬੀ, ਬੰਗਾਲੀ, ਚਾਈਨੀਜ਼ (ਕੈਂਟੋਨੀਜ਼), ਹਿੰਦੀ ਤੇ ਉਰਦੂ ਵਿੱਚ ਵੀ ਉਪਲਬਧ ਹੈ।

ਅੰਕ 15

ਜਨਵਰੀ 2008

## STEWART MAXWELL, ਕਮਿਊਨਿਟਿਜ਼ ਅਤੇ ਖੇਡ ਮੰਤਰੀ ਵਲੋਂ ਸਹਿਯੋਗ ਕਰਨ ਦਾ ਸੰਦੇਸ਼



***ਮੈਨੂੰ ਖੁਸ਼ੀ ਹੈ ਕਿ ਮੈਨੂੰ ਇਕੁਐਲਿਟੀ ਸਕਾਟਲੈਂਡ ਸੂਚਨਾ ਪੱਤਰ ਲਈ ਇਹ ਲੇਖ ਲਿਖਣ ਲਈ ਕਿਹਾ ਗਿਆ ਹੈ। ਤੁਹਾਡੀ ਸੰਸਥਾ ਦਾ ਕੰਮ ਬਹੁਤ ਹੀ ਮੁੱਲਵਾਨ ਹੈ ਅਤੇ ਪਿਛਲੇ ਸਤ ਸਾਲਾਂ ਵਿੱਚ ਸਾਡੇ ਪੂਰੇ ਦੇਸ਼ ਵਿੱਚ ਇਸਨੇ ਕਾਫੀ ਪ੍ਰਭਾਵ ਪਾਇਆ ਹੈ।***

ਜਿਵੇਂ ਅਸੀਂ ਅੱਗੇ ਵੱਲ ਵੇਖਦੇ ਹਾਂ, ਤਾਂ ਸਾਨੂੰ ਇਹ ਜਾਨਣ ਦੀ ਲੋੜ ਹੈ ਕਿ ਸਕਾਟਲੈਂਡ ਮੂਲ ਰੂਪ ਵਿੱਚ ਤਬਦੀਲ ਹੋ ਰਿਹਾ ਹੈ: ਬਜ਼ੁਰਗ ਲੋਕ ਸਾਡੇ ਸਮਾਜ ਦਾ ਚੰਗਾ ਹਿੱਸਾ ਬਣ ਰਹੇ ਹਨ, ਅਤੇ ਉਹ ਸਾਡੀ ਤਰੱਕੀ ਅਤੇ ਭਵਿੱਖ ਵਿੱਚ ਇੱਕ ਵੱਡਾ ਰੋਲ ਨਿਭਾਉਣਗੇ। ਮੈਂ ਮੰਨਦਾ ਹਾਂ ਕਿ, ਅਕਸਰ ਕਾਫੀ ਆਬਾਦੀ ਦੀ ਉਮਰ ਵੱਧਣਾ (ਏਜਿੰਗ) ਨਕਾਰਾਤਮਕ ਪੱਖਾਂ ਵਿੱਚ ਵੇਖਿਆ ਜਾਂਦਾ ਹੈ ਅਤੇ ਸਾਨੂੰ ਇਸ ਨਜ਼ਰੀਏ ਨੂੰ ਚੁਣੌਤੀ ਦੇਣ ਦੀ ਲੋੜ ਹੈ ਅਤੇ ਸਾਡੇ ਭਵਿੱਖ ਲਈ ਇੱਕ ਹੋਰ ਸਕਾਰਾਤਮਕ ਨਜਰੀਆ ਉਤਸ਼ਾਹਿਤ ਕਰਨ ਦੀ ਲੋੜ ਹੈ। ਬਜ਼ੁਰਗ ਲੋਕਾਂ ਦੇ ਹੁਨਰ ਅਤੇ ਜੀਵਨ ਅਨੁਭਵ ਕਿਸੇ ਵੀ ਦੇਸ਼ ਲਈ ਇੱਕ ਸੰਪਦਾ ਹਨ, ਅਤੇ ਸਕਾਟਲੈਂਡ ਨੂੰ ਇਸ ਉਮਰ ਦੇ ਤਬਦੀਲ ਹੋ ਰਹੇ ਰੁੱਖ ਤੋਂ ਲਾਭ ਚੁੱਕਣਾ ਚਾਹੀਦਾ ਹੈ ਅਤੇ ਇਹ ਲਾਭ ਚੁਕ ਵੀ ਸਕਦਾ ਹੈ। ਇਸੇ ਕਰਕੇ ਹੀ ਸਕੌਟਿਸ਼ ਸਰਕਾਰ ਮੋਹਰ ਲਾਉਂਦੀ ਹੈ *ਆਲ ਅਵਰ ਫਿਊਚਰਸ (ਸਾਡੇ ਸਾਰੇ ਭਵਿੱਖ); ਸਕਾਟਲੈਂਡ ਲਈ ਯੋਜਨਾ ਉਤੇ ਵੱਧਦੀ ਉਮਰ ਦੀ ਆਬਾਦੀ ਨਾਲ।*

ਜਿਵੇਂ-ਜਿਵੇਂ *ਆਲ ਅਵਰ ਫਿਊਚਰਸ* ਨੂੰ ਲਾਗੂ ਕਰਨਾ ਅੱਗੇ ਵਧੇਗਾ, ਸਕੌਟਿਸ਼ ਸਰਕਾਰ ਇਹਨਾਂ ਦਾਅਵੇਦਾਰਾਂ ਨਾਲ ਨੇੜੇ ਹੋ ਕੇ ਕੰਮ ਕਰਨ ਲਈ ਵਚਨਬੱਧ ਹੋਵੇਗੀ ਅਤੇ ਨਵੇਂ ਸਥਾਪਿਤ ਹੋਏ ਕਮੀਸ਼ਨ ਫਾਰ ਇਕੁਐਲਿਟੀ ਐਂਡ ਹਿਊਮਨ ਰਾਈਟਸ ਦੇ ਨਾਲ ਮਿਲ ਕੇ ਉਮਰ ਨੂੰ ਬਰਾਬਰਤਾ ਦੇ ਮਿਆਰ ਵਜੋਂ ਸਮਝ ਅਤੇ ਬਜ਼ੁਰਗ ਲੋਕਾਂ ਦੇ ਵੱਖ-ਵੱਖ ਗਰੁਪਾਂ ਦੀ ਵੱਧਦੀ ਉਮਰ ਦੇ ਪ੍ਰਭਾਵ ਨੂੰ ਵਧਾਉਣ ਲਈ ਕੰਮ ਕਰੇਗਾ। ਇਸੇ ਤਰਾਂ, ਸਕੌਟਿਸ਼ ਸਰਕਾਰ ਬਰਾਬਰਤਾ ਨੂੰ ਉਤਸ਼ਾਹਿਤ ਕਰਨ ਲਈ ਅਤੇ ਹੋਰ ਵੱਡੇ ਪੱਧਰ ਉਤੇ ਵਿਤਕਰੇ ਨਾਲ ਨਿਬੜਣ ਲਈ ਵਚਨਬੱਧ ਹੈ। ਇਹ ਜਰੂਰੀ ਹੈ ਕਿ ਸਕਾਟਲੈਂਡ ਦੀਆਂ ਸਾਰੀਆਂ ਕੌਮੀਅਤਾਂ, ਉਹਨਾਂ ਦਾ ਜੋ ਵੀ ਪਿਛੋਕੜ ਜਾਂ ਵਿਅਕਤੀਗਤ ਲੋੜਾਂ ਹੋਣ, ਉਹਨਾਂ ਨੂੰ ਲੋੜੀਂਦੀ ਜਾਣਕਾਰੀ ਅਤੇ ਸੇਵਾਵਾਂ ਉਤੇ ਪਹੁੰਚ ਕਰਨ ਲਈ ਯੋਗ ਬਣਾਵੇ ਅਤੇ ਉਹ ਸੇਵਾਵਾਂ ਉਹਨਾਂ ਦੀਆਂ ਵਿਅਕਤੀਗਤ ਲੋੜਾਂ ਲਈ ਵਾਜਿਬ ਹੋਣ। ਸਕੌਟਿਸ਼ ਸਰਕਾਰ ਅਤੇ ਪਬਲਿਕ ਸੈਕਟਰ ਦੇ ਵਿੱਚ ਇਸਨੂੰ ਹੋਣ ਲਈ ਮਦਦ ਕਰਨ ਲਈ ਕੰਮ ਦੇ ਬਹੁਤ ਵੱਡੇ ਪ੍ਰੋਗਰਾਮ ਵਿਸ਼ਾਲ ਪੱਧਰ ਉਤੇ ਅੱਗੇ ਲਿਜਾਏ ਜਾ ਰਹੇ ਹਨ।

*ਪੰਨਾ ਨੰਬਰ 2 ਜਾਰੀ ਹੈ...*

**ਅੰਦਰ...**

ਲਾਟਰੀ ਫੰਡਿੰਗ

ਜੌਬ ਓਪਚਿਊਨਿਟੀਜ਼ ਪ੍ਰੋਜੈਕਟ

ਹੈਪੀ ਟੂ ਟਰਾਂਸਲੇਟ

Trust Housing Association Ltd

HANOVER SCOTLAND

BIELD

*ਆਲ ਅਵਰ ਫਿਊਚਰਸ* ਸਕੌਟਿਸ਼ ਸਰਕਾਰ ਲਈ ਬਹੁਤ ਸਾਰੇ ਮੁੱਦੇ ਵੀ ਨਿਸ਼ਚਿਤ ਕਰੇਗਾ, ਇਹਨਾਂ ਵਿਚੋਂ ਇੱਕ ਹੈ ਬਜ਼ੁਰਗ ਹੋਣ ਦੇ ਨਕਾਰਾਤਮਕ ਰੂੜੀਵਾਦੀਆਂ ਨੂੰ ਚੁਣੌਤੀ ਦੇਣਾ। ਅਸੀਂ ਅਭਿਯਾਨ ਦੇ ਰਾਹੀਂ ਵੱਧਦੀ ਉਮਰ ਦੇ ਮਤਭੇਦ ਨਾਲ ਨਿਬੜਣ ਦੀ ਕੋਸ਼ਿਸ਼ ਕਰਾਂਗੇ, ਜਿਵੇਂ ਅਸੀਂ ਪਛਾਣ ਕੀਤੀ ਹੈ ਕਿ ਸਕੌਟਿਸ਼ ਸਮਾਜ ਦੇ ਸਾਰੇ ਗਰੁੱਪਾਂ ਦੀ ਉਮਰ ਵੱਧ ਰਹੀ ਹੈ, ਘੱਟ ਗਿਣਤੀ ਨਸਲੀ ਕੌਮੀਅਤਾਂ ਅਤੇ ਵਿਕਲਾਂਗ ਲੋਕਾਂ ਨੂੰ ਮਿਲਾ ਕੇ।

ਏਜੀਜ਼ਮ ਅਭਿਯਾਨ ਦੇ ਨਾਲ, ਸਕੌਟਿਸ਼ ਸਰਕਾਰ ਏਜਿੰਗ ਉਤੇ ਨੈਸ਼ਨਲ ਫਾਰਮ ਸਥਾਪਿਤ ਕਰੇਗੀ, ਜੋ ਕਿ *ਆਲ ਅਵਰ ਫਿਊਚਰਸ* ਦੇ ਕੰਮ ਦੀ ਪ੍ਰੌੜਤਾ ਕਰੇਗਾ ਅਤੇ ਉਸਨੂੰ ਅੱਗੇ ਲਿਜਾਉਣ ਵਿੱਚ ਮਦਦ ਕਰੇਗਾ, ਅਤੇ ਸਕੌਟਿਸ਼ ਸੈਂਟਰ ਫਾਰ ਇੰਟਰਜੈਨਰੇਸ਼ਨਲ ਪ੍ਰੈਕਟਿਸ ਦੇ ਰਾਹੀਂ, ਅਸੀਂ ਸਕਾਟਲੈਂਡ ਦੀ ਵੱਖ-ਵੱਖ ਪੀੜੀਆਂ ਵਿੱਚ ਜੋੜ ਸਥਾਪਿਤ ਕਰਨਾ ਚਾਹੁੰਦੇ ਹਾਂ, ਅਨੁਭਵਾਂ, ਸਿੱਖਣ ਅਤੇ ਹੁਨਰਾਂ ਦੀ ਸਾਂਝ ਬਣਾਉਣ ਲਈ।

**ਅਸੀਂ ਬਹੁਤ ਸੁਆਗਤ ਕਰਦੇ ਹਾਂ ਉਦਮਾਂ ਦਾ, ਜਿਵੇਂ ਕਿ ਇਕੁਐਲਿਟੀ ਸਕਾਟਲੈਂਡ ਸੂਚਨਾ ਪੱਤਰ ਜੋ ਕਿ ਯੋਜਨਾ ਦੀ ਵਿਭਿੰਨ ਕੌਮੀਅਤਾਂ ਦੇ ਵਿਚਕਾਰ ਜਾਗਰੂਕਤਾ ਵਧਾਉਣ ਅਤੇ ਉਹਨਾਂ ਨੂੰ ਉਪਲਬਧ ਸੇਵਾਵਾਂ ਬਾਰੇ ਮਦਦ ਕਰਦੇ ਹਨ। ਆਖਿਰ ਨੂੰ, ਇਹ ਲੋਕਾਂ ਦੇ ਜੀਵਨ ਨੂੰ ਸੁਧਾਰਨ ਵਿੱਚ ਮਦਦ ਕਰ ਰਿਹਾ ਹੈ, ਜੋ ਕਿ ਸਾਡਾ ਸਕੌਟਿਸ਼ ਸਰਕਾਰ ਵਜੋਂ ਸਰਬ-ਉੱਚ ਮੰਤਵ ਹੈ।**

## ਲਾਟਰੀ ਫੰਡਿੰਗ

LOTTERY FUNDED

ਐਸੋਸੀਏਸ਼ਨਾਂ ਖੁਸ਼ ਹਨ ਕਿ ਉਹ **ਸਰਵਿਸਿਸ ਫਾਰ ਓਲਡਰ ਪੀਪਲ** ਪ੍ਰੋਜੈਕਟ ਲਈ ਬਿੱਗ ਲਾਟਰੀ ਫੰਡ ਤੋਂ £219,149 ਦੀ ਫੰਡਿੰਗ ਪ੍ਰਾਪਤ ਕਰਨ ਵਿੱਚ ਸਫਲ ਰਹੀਆਂ ਹਨ। ਪ੍ਰੋਜੈਕਟ ਦਾ ਮਕਸਦ BME ਕੌਮੀਅਤਾ ਦੇ ਬਜ਼ੁਰਗ ਲੋਕਾਂ ਦੀ ਮਦਦ ਕਰਨਾ ਹੈ ਬੈਨਿਫਿਟ ਅਤੇ ਹੋਰ ਸੇਵਾਵਾਂ ਉਤੇ ਪਹੁੰਚ ਕਰਨ ਵਿੱਚ ਜਿਸ ਲਈ ਉਹ ਯੋਗ ਹਨ। ਇਸ ਪ੍ਰੋਜੈਕਟ ਨੂੰ ਅੱਗੇ ਤੋਰਨ ਲਈ ਦੋ ਨਵੇਂ ਸਟਾਫ ਮੈਂਬਰਾਂ ਦੀ ਨਾਮਜ਼ਦਗੀ ਕੀਤੀ ਗਈ ਹੈ।

ਪ੍ਰੋਜੈਕਟ, ਜੋ ਕਿ ਇਕੁਅਲ ਓਪਰਚਿਊਨਿਟੀਜ਼ ਪ੍ਰੋਗਰਾਮ ਦਾ ਹਿੱਸਾ ਹੈ, ਟਰਸਟ, ਹਾਨੋਵਰ (ਸਕਾਟਲੈਂਡ) ਅਤੇ ਬੀਲਡ ਹਾਊਸਿੰਗ ਐਸੋਸੀਏਸ਼ਨ ਵਲੋਂ ਮਿਲ ਕੇ ਚਲਾਇਆ ਜਾ ਰਿਹਾ ਹੈ, ਜੋ ਕਿ BME ਪਰਿਵਾਰਾਂ ਦੇ ਘੱਟ ਤੋਂ ਘੱਟ 600 ਬਜ਼ੁਰਗ ਲੋਕਾਂ ਨੂੰ ਲਾਭ ਪਹੁੰਚਾਏਗਾ। ਪ੍ਰੋਜੈਕਟ ਵਿੱਚ ਸ਼ਾਮਿਲ ਹੈ BME ਕੌਮੀਅਤਾਂ ਨਾਲ ਕੰਮ ਕਰਨ ਦੀ ਕੇਂਦਰਿਤ ਪਹੁੰਚ, ਬਜ਼ੁਰਗ ਲੋਕਾਂ ਨੂੰ ਬੈਨਿਫਿਟ ਅਤੇ ਸੇਵਾਵਾਂ ਦੀ ਪਹੁੰਚ ਕਰਨ ਵਿੱਚ ਆਉਂਦੀਆਂ ਰੁਕਾਵਟਾਂ ਨੂੰ ਪਾਰ ਕਰਨ ਵਿੱਚ ਮਦਦ ਕਰਨ ਲਈ।

ਲਾਟਰੀ ਐਵਾਰਡ ਤਿੰਨ ਸਾਲਾਂ ਲਈ ਫੰਡਿੰਗ ਪ੍ਰਦਾਨ ਕਰੇਗਾ ਅਤੇ ਪ੍ਰੋਜੈਕਟ ਪੂਰੇ ਸਕਾਟਲੈਂਡ ਵਿੱਚ ਦੋ ਸਮਰਪਿਤ ਓਲਡਰ ਪਰਸਨ ਸਰਵਿਸ ਕੋ-ਆਰਡੀਨੇਟਰਾਂ ਵਲੋਂ ਚਲਾਇਆ ਜਾਵੇਗਾ।

ਬਜ਼ੁਰਗ BME ਲੋਕਾਂ ਲਈ ਬੈਨਿਫਿਟ ਸਿਸਟਮ ਉਤੇ ਪਹੁੰਚ ਕਰਨਾ ਕਈ ਤਰਾਂ ਦੇ ਕਾਰਣਾਂ ਕਰਕੇ ਮੁਸ਼ਕਿਲ ਹੋ ਸਕਦੀ ਹੈ, ਭਾਸ਼ਾ ਅਤੇ ਸਿੱਖਿਆ ਔਕੜਾਂ ਤੋਂ ਲੈ ਕੇ ਸਭਿਆਚਾਰਕ ਵਤੀਰੇ ਤਕ ਅਤੇ ਵੱਖ-ਵੱਖ ਸਭਿਆਚਾਰਕ ਲੋੜਾਂ ਨੂੰ ਸਮਝਣ ਲਈ ਸਿੱਖਿਅਤ ਸਟਾਫ ਦੀ ਘਾਟ ਕਰਕੇ।

ਕੋ-ਆਰਡੀਨੇਟਰ ਕਮਿਊਨਿਟੀ ਸੰਸਥਾਵਾਂ, ਪਬਲਿਕ ਏਜੰਸੀਆਂ ਅਤੇ BME ਬਜ਼ੁਰਗ ਲੋਕਾਂ ਨੂੰ ਸਾਲ 2008 ਦੇ ਸ਼ੁਰੂ ਵਿੱਚ ਸੰਪਰਕ ਕਰਨਗੇ। ਪ੍ਰੋਜੈਕਟ ਬਾਰੇ ਹੋਰ ਜਾਣਕਾਰੀ ਲਈ ਕਿਰਪਾ ਕਰਕੇ Rohini ਨੂੰ 0131 444 4950 ਉਤੇ ਸੰਪਰਕ ਕਰੋ।

# HAPPY TO **TRANSLATE**
## (ਹੈਪੀ ਟੂ **ਟਰਾਂਸਲੇਟ**)

ਹੈਪੀ ਟੂ ਟਰਾਂਸਲੇਟ ਲੋਗੋ ਅਭਿਯਾਨ ਨੂੰ ਇਹ ਐਲਾਨ ਕਰਨ ਵਿੱਚ ਖੁਸ਼ੀ ਹੈ ਕਿ ਅਭਿਯਾਨ ਕੌਮੀ ਤੌਰ ਉਤੇ ਤੁਰ ਚੁੱਕਾ ਹੈ ਅਤੇ ਹੋਰ ਕਈ ਨਵੀਆਂ ਸੰਸਥਾਵਾਂ ਇਸ ਵਿੱਚ ਸ਼ਾਮਿਲ ਹੋਈਆਂ ਹਨ। ਅਸੀਂ ਬੋਰਡ ਉਤੇ ਆਈਆਂ ਹੇਠ ਲਿਖੀ ਸੰਸਥਾਵਾਂ ਦਾ ਸੁਆਗਤ ਕਰਨਾ ਚਾਹਾਂਗੇ।

| | | |
|---|---|---|
| ਗਰੈਮਪੀਅਨ ਹਾਊਸਿੰਗ ਐਸੋਸੀਏਸ਼ਨ<br>(Grampian Housing Association) | ਮੇਰੀਹਿਲ ਹਾਊਸਿੰਗ ਐਸੋਸੀਏਸ਼ਨ<br>(Maryhill Housing Association) | ਗਲੈਨ ਔਕ ਹਾਊਸਿੰਗ ਐਸੋਸੀਏਸ਼ਨ<br>(Glen Oaks Housing Association) |

ਅਭਿਯਾਨ ਨੂੰ ਇਹ ਐਲਾਨ ਕਰਨ ਵਿੱਚ ਵੀ ਖੁਸ਼ੀ ਹੈ ਕਿ ਉਸਨੇ ਹਿੱਸਾ ਲੈ ਰਹੀਆਂ ਸੰਸਥਾਵਾਂ ਅਤੇ ਆਮ ਜਨਤਕ ਵੈਬਸਾਈਟਾਂ ਵਿੱਚ ਵੀ ਆਪਣਾ ਇੰਟਰਾਨੈਟ ਪੂਰੀ ਤਰਾਂ ਵਿਕਸਿਤ ਕਰ ਲਿਆ ਹੈ। ਕੇਵਲ ਮੈਂਬਰ ਸੰਸਥਾਵਾਂ ਪਾਸਵਰਡ ਨਾਲ ਸੁਰੱਖਿਅਤ ਕੀਤੀ ਇੰਟਰਾਨੈਟ ਵੈਬਸਾਈਟ ਉਤੇ ਪਹੁੰਚ ਕਰ ਸਕਦੀਆਂ ਹਨ, ਹਾਲਾਂਕਿ ਆਮ ਪਬਲਿਕ ਇੰਟਰਨੈਟ ਵੈਬਸਾਈਟ www.EqualityScotland.com ਉਤੇ ਮੁਫਤ ਅਤੇ ਖੁਲੀ ਪਹੁੰਚ ਹੈ।

ਜਿਵੇਂ-ਜਿਵੇਂ ਹੈਪੀ ਟੂ ਟਰਾਂਸਲੇਟ ਲੋਗੋ ਅਭਿਯਾਨ ਦਾ ਵਿਸਤਾਰ ਹੋ ਰਿਹਾ ਹੈ ਅਤੇ ਉਹ ਹੋਰ ਸੰਸਥਾਵਾਂ ਦਾ ਹਿੱਸਾ ਲੈਣਾ ਜਾਰੀ ਹੈ, ਬਣਤ ਨੂੰ ਦੋ ਗਰੁੱਪਾਂ ਵਿੱਚ ਵੰਡਿਆ ਗਿਆ ਹੈ। ਇਹ ਹਨ ਗਵਰਨਿੰਗ ਬਾਡੀ, ਸਟਰੈਟੇਜਿਕ ਐਡਵਾਈਸਰੀ ਗਰੁੱਪ, ਜੋ ਕਿ ਸਿਧਾਂਤਕ ਅਤੇ ਕਾਰਜਨੀਤਿਕ ਵਿਕਾਸ ਦੀ ਦੇਖ-ਰੇਖ ਕਰੇਗੀ, ਅਤੇ ਇੱਕ ਮੈਂਬਰ ਫੋਰਮ, ਹਰੇਕ ਮੈਂਬਰ ਸੰਸਥਾਵਾਂ ਲਈ।

ਅਭਿਯਾਨ ਨੂੰ ਆਸ ਹੈ ਕਿ ਅਭਿਯਾਨ ਦੀਆਂ ਮੈਂਬਰ ਸੰਸਥਾਵਾਂ ਮੈਂਬਰ ਫੋਰਮ ਵਿੱਚ ਸਮੇਂ-ਸਮੇਂ ਵਿੱਚ ਮਿਲਣਗੀਆਂ ਹੈਪੀ ਟੂ ਟਰਾਂਸਲੇਟ ਲੋਗੋ ਦੀ ਵਰਤੋਂ ਕਰਨ ਨਾਲ ਸਬੰਧਿਤ ਮੁੱਦਿਆਂ ਉਤੇ ਵਿਚਾਰ ਕਰਨ ਅਤੇ ਚੰਗੇ ਅਮਲਾਂ ਦੀ ਸਾਂਝ ਕਰਨ ਲਈ।

ਜੇਕਰ ਤੁਹਾਡੀ ਸੰਸਥਾ ਮੈਂਬਰਸ਼ਿਪ ਲਈ ਆਵੇਦਨ ਕਰਨ ਬਾਰੇ ਜਾਣਕਾਰੀ ਪ੍ਰਾਪਤ ਕਰਨਾ ਚਾਹੁੰਦੀ ਹੈ, ਤਾਂ ਕਿਰਪਾ ਕਰਕੇ ਹੈਪੀ ਟੂ ਟਰਾਂਸਲੇਟ ਲੋਗੋ ਸੁਪੋਰਟ ਟੀਮ ਨੂੰ 0131 444 4951 ਜਾਂ info@happytotranslate.com ਉਤੇ ਸੰਪਰਕ ਕਰੋ।

# ਜੌਬ ਓਪਰਚਿਊਨਿਟੀਜ਼
## ਸੁਪੋਰਟ ਪ੍ਰੋਜੈਕਟ



ਇਹ ਜੌਬ ਓਪਰਚਿਊਨਿਟੀਜ਼ ਸੁਪੋਰਟ ਪ੍ਰੋਜੈਕਟ 200 BME ਲੋਕਾਂ ਤੋਂ ਵੱਧ ਨਾਲ ਪਹਿਲਾਂ ਹੀ ਪਹੁੰਚ ਕਰ ਚੁੱਕਿਆਂ ਜਾਂ ਕੰਮ ਕਰ ਚੁਕਿਆ ਹੈ, ਜੋ ਕਿ ਹਾਊਸਿੰਗ ਅਤੇ ਪਬਲਿਕ ਸੈਕਟਰ ਵਿੱਚ ਦੋਵੇਂ ਰੋਜ਼ਗਾਰ ਅਤੇ ਭਵਿੱਖੀ ਵਿਕਾਸ ਦੀਆਂ ਰੁਕਾਵਟਾਂ ਨੂੰ ਦੂਰ ਕਰਨ ਲਈ ਵੇਖ ਰਹੇ ਸਨ।

ਪ੍ਰੋਜੈਕਟ BME ਲੋਕਾਂ ਦੀ ਮਦਦ ਕਰਦਾ ਹੈ ਗਿਆਨ, ਹੁਨਰ ਅਤੇ ਸੰਪਰਕ ਪ੍ਰਦਾਨ ਕਰਕੇ ਜਿਸਦੀ ਉਹਨਾਂ ਨੂੰ ਹਾਊਸਿੰਗ ਅਤੇ ਪਬਲਿਕ ਸੈਕਟਰ ਵਿੱਚ ਵੜਣ ਲਈ ਲੋੜ ਹੈ। ਇਸ ਵਿੱਚ ਪ੍ਰਗਤੀ ਉਤਸ਼ਾਹਿਤ ਕਰਦੀ ਹੈ ਅਤੇ ਹੁਣ ਤਕ 231 ਲੋਕਾਂ ਨੂੰ ਪਹੁੰਚ ਕੀਤੀ ਜਾ ਚੁੱਕੀ ਹੈ ਅਤੇ ਉਹਨਾਂ ਵਿਚੋਂ 23 ਨੂੰ ਨੌਕਰੀ ਮਿਲੀ ਹੈ।

ਪ੍ਰੋਗਰਾਮ ਦਾ ਵਿਅਕਤੀਗਤ ਸਹਿਯੋਗ ਕਰਨਾ ਜਾਰੀ ਹੈ ਅਤੇ ਇਹ ਭਰੋਸਾ ਕਾਇਮ ਕਰਨ ਅਤੇ ਇੰਟਰਵਿਊ ਤਕਨੀਕਾਂ ਸਿਖਾਉਣ ਲਈ ਵਰਕਸ਼ਾਪਾਂ ਦਾ ਵੀ ਪ੍ਰਬੰਧ ਕਰਦਾ ਹੈ। ਇਹ ਪਲੇਸਮੈਂਟ ਦੇ ਮੌਕਿਆਂ ਦਾ ਵੀ ਪ੍ਰਬੰਧ ਕਰਦਾ ਹੈ ਅਤੇ ਰਿਪੋਰਟ ਦੇ ਸਕਦਾ ਹੈ ਕਿ ਹੁਣ ਤਕ ਦਸ ਪਲੇਸਮੈਂਟਾਂ ਸਫਲਤਾਪੂਰਵਕ ਪੂਰੀਆਂ ਹੋ ਚੁਕੀਆਂ ਹਨ।

ਕਈ ਤਰਾਂ ਦੇ ਲੋਕਲ ਪਬਲਿਕ ਸੈਕਟਰ ਇੰਮਪਲਾਇਰਾਂ ਨੂੰ BME ਉਮੀਦਵਾਰਾਂ ਨੂੰ ਕੰਮ ਪ੍ਰਦਾਨ ਕਰਨ ਲਈ ਸੂਚੀਗਤ ਕੀਤਾ ਗਿਆ ਸੀ। ਇਹਨਾਂ ਵਿੱਚ ਸ਼ਾਮਿਲ ਹਨ; ਲੋਥਿਅਨਸ ਅਤੇ ਬਾਰਡਰ ਪੁਲਿਸ, ਸਟੀਵੈਨਸਨ ਕੌਲੇਜ, ਪਰੋਕਿਉਰੇਟਰ ਫਿਸਕਲ, ਟਰਸਟ, ਹਾਨੋਵਰ ਤੇ ਬੀਲਡ ਹਾਊਸਿੰਗ ਐਸੋਸੀਏਸ਼ਨ, NHS ਲੋਥਿਅਨਸ, ਮੇਲਵਿਲੇ ਅਤੇ ਪੋਰਟ ਆਫ ਲੀਥ ਹਾਊਸਿੰਗ ਐਸੋਸੀਏਸ਼ਨ।

ਪ੍ਰੋਗਰਾਮ BME ਲੋਕਾਂ ਨੂੰ ਮਦਦ ਕਰਨ ਉਤੇ ਕੇਂਦਰਿਤ ਹੈ ਨੌਕਰੀਆਂ ਦੇ ਮੌਕਿਆਂ ਉਤੇ ਪਹੁੰਚ ਪ੍ਰਾਪਤ ਕਰਨ ਲਈ ਅਤੇ ਖਾਸ ਰੁਕਾਵਟਾਂ ਦੀ ਪਛਾਣ ਕਰਨ ਅਤੇ ਉਹਨਾਂ ਨਾਲ ਨਿਬੜਣ ਲਈ ਜਿਨਾਂ ਦਾ ਉਹ ਸਾਹਮਣਾ ਕਰ ਸਕਦੇ ਹਨ। ਇਹ BME ਲੋਕਾਂ ਲਈ ਜੋ ਨੌਕਰੀਆਂ ਲੱਭ ਰਹੇ ਹੁੰਦੇ ਹਨ ਅਤੇ ਪਬਲਿਕ ਸੈਕਟਰ ਇੰਮਲਾਇਰਾਂ ਲਈ ਜੋ ਮਾਹਿਰ ਭਰਤੀਆਂ ਦੀ ਭਾਲ ਕਰ ਰਹੇ ਹੁੰਦੇ ਹਨ, ਦੋਵਾਂ ਲਈ ਸਕਾਰਾਤਮਕ ਨਤੀਜੇ ਮੁੱਹਈਆ ਕਰਦੇ ਹਨ।

ਜੇ ਤੁਸੀਂ ਐਡਿੰਬਰਾ ਜਾਂ ਲੋਥਿਅਨਸ ਵਿੱਚ ਨੌਕਰੀ ਦੀ ਭਾਲ ਕਰ ਰਹੇ ਹੋ, ਕਿਰਪਾ ਕਰਕੇ Nasreen Amjad ਨੂੰ 0131 444 4953 ਜਾਂ namjad@trustha.org.uk ਉਤੇ ਸੰਪਰਕ ਕਰੋ

# ਬਾਅਦ ਦੀ ਜ਼ਿੰਦਗੀ ਚੰਗੀ ਤਰਾਂ ਜਿਓ - ਐਡਿੰਬਰਾ ਦੇ ਵਿੱਚ ਕੇਅਰ ਅਤੇ ਸੁਪੋਰਟ ਕਰਨ ਲਈ ਚੋਣਾਂ ਦਾ ਵਿਸਤਾਰ



ਸਿਟੀ ਆਫ ਐਡਿੰਬਰਾ ਕੌਂਸਲ ਅਤੇ NHS ਲੋਥਿਅਨਸ ਦਾ ਜਾਇੰਟ ਕੈਪੇਸਿਟੀ ਪਲੈਨ ਐਂਡ ਕਮੀਸ਼ਨਿੰਗ ਸਟਰੈਟੇਜੀ 2008 - 2018

ਜਾਇੰਟ ਕੈਪੇਸਿਟੀ ਪਲੈਨ ਗਾਈਡ ਕਰੇਗਾ ਕਿ ਕਿਵੇਂ ਅਤੇ ਕਿਹੜੀਆਂ ਸੇਵਾਵਾਂ ਪ੍ਰਦਾਨ ਕੀਤੀਆਂ ਜਾਣਗੀਆਂ, ਉਹਨਾਂ ਬਜ਼ੁਰਗ ਲੋਕਾਂ ਦੀਆਂ ਆਸਾਂ ਅਤੇ ਲੋੜਾਂ ਨੂੰ ਪੂਰਾ ਕਰਨ ਲਈ ਜਿਨਾਂ ਨੂੰ 2018 ਤਕ ਸੰਭਾਲ ਅਤੇ ਸਹਿਯੋਗ ਦੀ ਲੋੜ ਹੈ।

ਹੋਰ ਜਾਣਕਾਰੀ ਲਈ ਕਿਰਪਾ ਕਰਕੇ Tricia Campbell ਨੂੰ ਸੰਪਰਕ ਕਰੋ 0131 553 8304 ਉਤੇ, ਜਾਂ ਈ-ਮੇਲ ਕਰੋ tricia.campbell@edinburgh.gov.uk

# ਜੌਬ ਫੇਅਰਸ - ਗੁੱਡ ਪ੍ਰੈਕਟਿਸ ਗਾਈਡ

ਐਸੋਸੀਏਸ਼ਨਾਂ ਨੇ ਚਾਰ ਸਾਲਾਨਾ ਨੌਕਰੀ ਮੇਲਿਆਂ ਦਾ ਪ੍ਰਬੰਧ ਕੀਤਾ ਐਡਿੰਬਰਾ, ਗਲਾਸਗੋ, ਡੂਨਡੀ ਅਤੇ ਐਬਰਡੀਨ ਵਿੱਚ, ਸਕੌਟਿਸ਼ ਫੈਡਰੇਸ਼ਨ ਆਫ ਹਾਊਸਿੰਗ ਐਸੋਸੀਏਸ਼ਨ ਅਤੇ ਚਾਰਟਰਡ ਇੰਸਟਿਚਿਊਟ ਆਫ ਹਾਊਸਿੰਗ (ਸਕਾਟਲੈਂਡ) ਨਾਲ ਸਾਂਝੇਦਾਰੀ ਵਿੱਚ। ਜੋਬ ਫੇਅਰ ਪ੍ਰੋਗਰਾਮ ਹੁਣ ਖਤਮ ਹੋ ਚੁੱਕਾ ਹੈ ਅਤੇ ਇੱਕ ਫੌਲੋਅ-ਅਪ ਰਿਪੋਰਟ ਪੇਸ਼ ਕੀਤੀ ਜਾਵੇਗੀ ਜੋ ਕਿ BME ਕੌਮੀਅਤਾਂ ਦੇ ਵਿਅਕਤੀਆਂ ਨੂੰ ਦਰਪੇਸ਼ ਨੌਕਰੀ ਦੇ ਮੌਕਿਆਂ ਦੀਆਂ ਰੁਕਾਵਟਾਂ ਨੂੰ ਪੇਸ਼ ਕਰਨਗੀਆਂ। ਇਸ ਤੋਂ ਇਲਾਵਾ, ਇੰਮਪਲਾਇਰਾਂ ਲਈ ਇੱਕ ਗੁੱਡ ਪ੍ਰੈਕਟਿਸ ਗਾਈਡ ਤਿਆਰ ਕੀਤੀ ਜਾਵੇਗੀ। ਇਹ ਪ੍ਰਕਾਸ਼ਨਾਵਾਂ ਐਬਰਡੀਨ ਵਿੱਚ ਚਾਰਟਡ ਇੰਸਟਿਚਿਊਟ ਆਫ ਹਾਊਸਿੰਗ ਕਾਨਫਰੰਸ ਵਿੱਚ ਪੇਸ਼ ਕੀਤੀਆਂ ਜਾਣਗੀਆਂ ਜੋ ਕਿ ਮਾਰਚ ਵਿੱਚ ਹੋਵੇਗੀ।

ਇਹਨਾਂ ਪ੍ਰਕਾਸ਼ਨਾਵਾਂ ਦੀਆਂ ਕਾਪੀਆਂ ਸਾਡੀ ਵੈਬਸਾਈਟ www.EqualityScotland.com ਉਤੇ ਉਪਲਬਧ ਕੀਤੀਆਂ ਜਾਣਗੀਆਂ ਇਹਨਾਂ ਦੇ ਆਉਣ ਦੇ ਬਾਅਦ।

## The EqualityScotland.com ਵੈਬਸਾਈਟ

EqualityScotland.com ਵੈਬਸਾਈਟ ਵਿੱਚ ਦੋਵੇਂ ਅੰਗਰੇਜੀ ਭਾਸ਼ਾ ਅਤੇ ਕਮਿਊਨਿਟੀ ਭਾਸ਼ਾ ਸੈਕਸ਼ਨਾਂ ਵਿੱਚ ਉਚ ਗਿਣਤੀ ਵਿੱਚ ਹਿਟ ਵੱਜ ਰਹੇ ਹਨ। ਸਾਨੂੰ ਵੈਬਸਾਈਟ ਦੇ ਤੱਥਾਂ ਅਤੇ ਜਾਣਕਾਰੀ ਦੀ ਗੁਣਤਾ ਬਾਰੇ ਵਧੀਆ ਫੀਡਬੈਕ ਪ੍ਰਾਪਤ ਹੋਣਾ ਜਾਰੀ ਹੈ।

## EDINBURGH

Trust HA
12 New Mart Road
Edinburgh EH14 1RL
Tel: 0131 444 1200
www.trustha.org.uk

Hanover (Scotland) HA
95 McDonald Road
Edinburgh EH7 4NS
Tel: 0131 557 0598
www.hsha.org.uk

Bield HA
79 Hopetoun Street
Edinburgh EH7 4QF
Tel: 0131 273 4000
www.bield.co.uk

## GLASGOW

Trust HA
25 Park Circus
Glasgow G3 6AP
Tel: 0141 341 3200
www.trustha.org.uk

Hanover (Scotland) HA
5 Newton Place
Glasgow G3 7PR
Tel: 0141 353 1353
www.hsha.org.uk

Bield HA
12 Somerset Place
Glasgow G3 7JT
Tel: 0141 270 7200
www.bield.co.uk

# ਇਕੁਅਲ ਓਪਰਚਿਊਨਿਟੀਜ਼ ਸਟਾਫ
"ਇਕੁਅਲ ਓਪਰਚਿਊਨਿਟੀਜ਼ ਪ੍ਰੋਗਰਾਮ" ਟੀਮ

**Rohini Sharma Joshi** ਹਾਊਸਿੰਗ ਇਕੁਅਲ ਓਪਰਚਿਊਨਿਟੀਜ਼ ਮੈਨੇਜਰ
ਫੋਨ 0131 444 4950 ਈ-ਮੇਲ: rsharma@trustha.org.uk

**Tamiko Mackie** "ਹੈਪੀ ਟੂ ਟਰਾਂਸਲੇਟ" ਲੋਗੋ ਡਿਵਿਲਪਮੈਂਟ ਅਫਸਰ
ਫੋਨ 0131 444 4951 ਈ-ਮੇਲ: tmackie@trustha.org.uk

**Tony Fyanka** "ਹੈਪੀ ਟੂ ਟਰਾਂਸਲੇਟ" ਲੋਗੋ ਡਿਵਿਲਪਮੈਂਟ ਵਰਕਰ
ਫੋਨ 0131 444 4952 ਈ-ਮੇਲ: tfyanka@trustha.org.uk

**Nasreen Amjad** ਜੌਬ ਓਪਰਚਿਊਨਿਟੀਜ਼ ਡਿਵਿਲਪਮੈਂਟ ਅਫਸਰ
ਫੋਨ 0131 444 4953 ਈ-ਮੇਲ: namjad@trustha.org.uk

**Zakra Ali** ਐਡਮਿਨ ਐਸਿਸਟੈਂਟ
ਫੋਨ 0131 444 4942 ਈ-ਮੇਲ: zali@trustha.org.uk

## ਸੁਆਗਤ

Neeru Bhatnagar ਅਤੇ Anthony L K Chu, ਓਲਡਰ ਪੀਪਲ ਸਰਵਿਸਿਸ ਕੋ-ਆਰਡੀਨੇਟਰਸ ਜਨਵਰੀ 2008 ਨੂੰ ਇਕੁਅਲ ਓਪਰਚਿਊਨਿਟੀਜ਼ ਟੀਮ ਵਿੱਚ ਸ਼ਾਮਿਲ ਹੋ ਚੁੱਕੇ ਹਨ। ਅਸੀਂ ਉਹਨਾਂ ਦਾ ਟੀਮ ਅਤੇ ਨਵੇਂ ਪ੍ਰਬੰਧਕੀ ਸਹਾਇਕ ਵਜੋਂ ਸੁਆਗਤ ਕਰਦੇ ਹਾਂ।

## ਗੁਡ ਬਾਏ

Zakra Ali, ਇਕੁਅਲ ਓਪਰਚਿਊਨਿਟੀਜ਼ ਐਡਮਿਨ ਐਸਿਸਟੈਂਟ ਐਸੋਸੀਏਸ਼ਨ ਨੂੰ ਛੱਡ ਰਹੀ ਹੈ ਅਤੇ ਵੇਸਟ ਯੋਰਕਸ਼ਾਇਰ ਵੱਲ ਜਾ ਰਹੀ ਹੈ।



ਅਲਵਿਦਾ

## ਸਰਜਰੀਆਂ/ਜਾਣਕਾਰੀ

ਕੀ ਤੁਸੀਂ 60+ ਹੋ ਅਤੇ ਬਜ਼ੁਰਗ ਲੋਕਾਂ ਲਈ ਸੇਵਾਵਾਂ ਉਤੇ ਸਲਾਹ ਚਾਹੋਗੇ, ਹਾਊਸਿੰਗ ਅਤੇ ਬੈਨਿਫਿਟਾਂ ਉਤੇ ਵੀ? ਦਿੱਤੀ ਜਾਣ ਵਾਲੀ ਸਲਾਹ ਗੁਪਤ ਹੋਵੇਗੀ, ਤੁਹਾਡੀ ਭਾਸ਼ਾ ਵਿੱਚ ਅਤੇ ਉਸ ਥਾਂ ਉਤੇ ਹੋਵੇਗੀ ਜੋ ਤੁਹਾਡੀ ਸਹੂਲੀਅਤ ਵਿੱਚ ਹੋਵੇ।

ਕਿਰਪਾ ਕਰਕੇ ਅਪਾਇੰਟਮੈਂਟ ਲੈਣ ਲਈ ਇਕੁਅਲ ਓਪਰਚਿਊਨਿਟੀਜ਼ ਪ੍ਰੋਗਰਾਮ ਨੂੰ ਸੰਪਰਕ ਕਰੋ।

*i* ਇਹ ਸੂਚਨਾ ਪੱਤਰ **ਟਰਸਟ, ਹਾਨੋਵਰ (ਸਕਾਟਲੈਂਡ)** ਅਤੇ **ਬੀਲਡ ਹਾਊਸਿੰਗ ਐਸੋਸੀਏਸ਼ਨ** ਵਲੋਂ ਮਿਲਵਾਂ ਪ੍ਰਕਾਸ਼ਨ ਹੈ। ਪਿਛਲੇ ਅੰਕ **www.EqualityScotland.com** ਉਤੇ ਵੇਖੇ ਜਾ ਸਕਦੇ ਹਨ। ਜੇ ਤੁਸੀਂ ਟਿੱਪਣੀਆਂ ਜਾਂ ਸੁਝਾਅ ਦੇਣਾ ਚਾਹੋਗੇ, ਜਾਂ ਜੇ ਤੁਸੀਂ ਚਾਹੁੰਦੇ ਹੋ ਕਿ ਤੁਹਾਡਾ ਪ੍ਰੋਗਰਾਮ ਜਾਂ ਪ੍ਰੋਜੈਕਟ ਪ੍ਰਕਾਸ਼ਨਾ ਲਈ ਵਿਚਾਰਿਆ ਜਾਵੇ, ਕਿਰਪਾ ਸੰਪਰਕ ਕਰੋ:

**Equal Opportunities Programme**
**12 New Mart Road, Edinburgh EH14 1RL**
**Tel: 0131 444 4942 Fax: 0131 444 4949**

**www.EqualityScotland.com**